# ਰਾਜਨੀਤੀ ਸ਼ਾਸਤਰ ਦਾ ਸਰੂਪ

# Nature of Political Science

# ਰਾਜਨੀਤੀ ਸ਼ਾਸਤਰ ਦਾ ਸਰੂਪ

# Nature of Political Science

- ਰਾਜਨੀਤੀ ਸ਼ਾਸਤਰ ਦੇ ਵਿਸ਼ੇ ਬਾਰੇ ਇੱਕ ਪ੍ਰਸ਼ਨ ਇਹ ਪੈਦਾ ਹੁੰਦਾ ਹੈ, ਕਿ ਇਹ ਵਿਗਿਆਨ ਹੈ ਜਾਂ ਨਹੀਂ।
- ਇਸ ਪ੍ਰਸ਼ਨ ਤੇ ਰਾਜਨੀਤਿਕ ਵਿਚਾਰਕ ਇੱਕਮਤ ਨਹੀਂ ਹਨ।

✓ ਕੁੱਝ ਇਸ ਵਿਸ਼ੇ ਨੂੰ ਵਿਗਿਆਨ ਮੰਨਦੇ ਹਨ; ਤੇ,

✓ ਕੁੱਝ ਕਹਿੰਦੇ ਹਨ ਕਿ ਇਹ ਵਿਸ਼ਾ ਵਿਗਿਆਨ ਹੋਣ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦਾ, ਇਸ ਲਈ ਇਹ ਵਿਗਿਆਨ ਨਹੀਂ, ਕਲਾ ਹੈ।

# ਰਾਜਨੀਤੀ ਸ਼ਾਸਤਰ ਵਿਗਿਆਨ ਨਹੀਂ ਹੈ
# Political Science is not a Science

ਮੇਟਲੈਂਡ, ਕਾਮਟੇ, ਬੱਕਲ, ਅਤੇ ਗਾਰਨਰ ਵਰਗੇ ਵਿਦਵਾਨ ਰਾਜਨੀਤੀ ਸ਼ਾਸਤਰ ਨੂੰ ਵਿਗਿਆਨ ਨਹੀਂ ਮੰਨਦੇ।

**ਬੱਕਲ (Buckle)** ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ,

**"ਗਿਆਨ ਦੀ ਮੌਜੂਦਾ ਸਥਿਤੀ ਵਿੱਚ, ਵਿਗਿਆਨ ਤਾਂ ਦੂਰ, ਰਾਜਨੀਤੀ, ਕਲਾਵਾਂ ਵਿੱਚ ਵੀ ਸਭ ਤੋਂ ਪੱਛੜੀ ਹੋਈ ਹੈ"**

# 1). ਸਾਂਝੇ ਨਿਯਮਾਂ ਦੀ ਘਾਟ
# (Lack of Common Principles)

•ਰਾਜਨੀਤੀ ਸ਼ਾਸਤਰ ਵਿੱਚ ਵਰਤੀ ਜਾ ਰਹੀ ਸ਼ਬਦਾਵਲੀ ਅਤੇ ਰਾਜਨੀਤਿਕ ਸੰਸਥਾਵਾਂ ਦੀ ਕਾਰਜਸ਼ੀਲਤਾ ਆਦਿ ਦੇ ਸੰਬੰਧ ਵਿੱਚ ਸਾਰੇ ਰਾਜਨੀਤੀ ਸ਼ਾਸਤਰੀ ਇੱਕਮਤ ਨਹੀਂ ਹਨ।

• ਲੋਕਤੰਤਰ, ਸਮਾਨਤਾ, ਸੁਤੰਤਰਤਾ, ਮਨੁੱਖੀ ਅਧਿਕਾਰ, ਸਮਾਜਵਾਦ, ਅਤੇ ਨਿਆਂ ਆਦਿ ਦੀਆਂ ਧਾਰਨਾਵਾਂ ਦਾ ਸਾਰੇ ਰਾਜਨੀਤੀ ਸ਼ਾਸਤਰੀਆਂ ਦੁਆਰਾ ਇੱਕ ਅਰਥ ਨਹੀਂ ਕੱਢਿਆ ਜਾਂਦਾ।

•ਇਸਤੋਂ ਇਲਾਵਾ ਕੋਈ ਵਿਦਵਾਨ ਸਮਾਜਵਾਦ ਨੂੰ ਪਹਿਲ ਦਿੰਦਾ ਹੈ, ਤੇ ਕੋਈ ਸੁਤੰਤਰਤਾ ਨੂੰ ਸਭ ਤੋਂ ਵੱਧ ਮਹੱਤਵਪੂਰਨ ਮੰਨਦਾ ਹੈ।


- Socialism: equality is more important for democrachy
- Capitalism: Freedom is more important for democracy
- China: our democracy is real democracy
- World view: China has no democracy

# 2). ਕ੍ਰਮਬੱਧਤਾ ਦੀ ਘਾਟ
# (Lack of Systematization)

ਵਿਗਿਆਨਕ ਅਧਿਐਨ ਦੀ ਇੱਕ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਇਹ ਅਧਿਐਨ ਕ੍ਰਮਬੱਧ ਹੁੰਦਾ ਹੈ। ਪ੍ਰੰਤੂ ਰਾਜਨੀਤੀ ਸ਼ਾਸਤਰ ਦੇ ਅਧਿਐਨ ਵਿੱਚ ਕ੍ਰਮਬੱਧਤਾ ਦੀ ਕਮੀ ਹੈ। ਰਾਜਨੀਤੀ ਸ਼ਾਸਤਰ ਦਾ ਇੱਕ ਸਿਧਾਂਤ ਦੂਸਰੇ ਤੇ ਆਧਾਰਿਤ ਨਹੀਂ ਹੈ, ਜਿਵੇਂ ਕਿ ਕੁਦਰਤੀ ਵਿਗਿਆਨਾਂ ਵਿੱਚ ਮਿਲਦਾ ਹੈ। ਇਸਦੇ ਬਹੁਤੇ ਸਿਧਾਂਤ ਦਾਰਸ਼ਨਿਕ ਸਰੂਪ ਦੇ ਹਨ। ਜਿਵੇਂ ਹਾੱਬਸ ਦਾਅਵਾ ਕਰਦਾ ਹੈ ਕਿ ਉਸਨੇ ਪੁਰਾਣੇ ਰਾਜਨੀਤਿਕ ਸਾਹਿਤ ਤੋਂ ਕੁੱਝ ਵੀ ਨਹੀਂ ਲਿਆ, ਜੋ ਵੀ ਉਸਦੇ ਰਾਜਨੀਤਿਕ ਵਿਚਾਰ ਹਨ ਉਹ ਪੂਰੀ ਤਰਾਂ ਮੌਲਿਕ ਹਨ। ਇਸੇ ਤਰਾਂ ਹੀ ਹੀਗਲ ਦਾਅਵਾ ਕਰਦਾ ਹੈ ਕਿ ਰਾਜਨੀਤਿਕ ਖੇਤਰ ਵਿੱਚ ਉਸਦੇ ਗਿਆਨ ਨੇ ਪੂਰਨਤਾ ਪ੍ਰਾਪਤ ਕਰ ਲਈ ਹੈ ਅਤੇ ਅੱਗੇ ਅਧਿਐਨ ਲਈ ਕੁੱਝ ਵੀ ਬਾਕੀ ਨਹੀਂ ਹੈ।

# 3). ਪ੍ਰੀਖਣ ਸੰਭਵ ਨਹੀਂ ਹੈ
# (Experiments are not possible)

ਕਿਸੇ ਵਿਸ਼ੇ ਦੇ ਵਿਗਿਆਨਕ ਹੋਣ ਲਈ ਉਸ ਵਿਸ਼ੇ ਦੇ ਮਾਹਿਰਾਂ ਦੁਆਰਾ ਨਿਸ਼ਚਿਤ ਕੀਤੇ ਸਿਧਾਂਤਾਂ ਨੂੰ ਪ੍ਰੀਖਣ ਦੇ ਜਰੀਏ ਸਿੱਧ ਕੀਤੇ ਜਾਣ ਦੀ ਵਿਵਸਥਾ ਹੋਣੀ ਚਾਹੀਦੀ ਹੈ। ਪ੍ਰੰਤੂ ਰਾਜਨੀਤੀ ਸ਼ਾਸਤਰ ਵਿੱਚ ਪ੍ਰੀਖਣ ਸੰਭਵ ਨਹੀਂ ਹੈ। ਕੋਈ ਵੀ ਅਜਿਹੀ ਲੈਬਾਰਟਰੀ, ਔਜ਼ਾਰ, ਅਤੇ ਮਸ਼ੀਨ ਨਹੀਂ ਹੈ, ਜਿਸ ਦੁਆਰਾ ਰਾਜਨੀਤੀ ਸ਼ਾਸਤਰ ਦੇ ਸਿਧਾਂਤਾਂ ਦਾ ਪ੍ਰੀਖਣ ਕੀਤਾ ਜਾ ਸਕੇ। ਸਮਾਜ ਵਿਗਿਆਨੀਆਂ ਦੁਆਰਾ ਜ਼ਮੀਨੀ ਪੱਧਰ ਤੇ ਕੀਤੇ ਪ੍ਰੀਖਣ (field experiments) ਪੂਰੀ ਤਰਾਂ ਸਹੀ ਨਹੀਂ ਹੁੰਦੇ ਕਿਉਂਕਿ ਸਮਾਜਿਕ ਜੀਵਨ ਨੂੰ ਪ੍ਰਭਾਵਿਤ ਕਰਨ ਵਾਲ਼ੇ ਤੱਥਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ।



# 4). ਸਹੀ ਭਵਿੱਖਬਾਣੀ ਸੰਭਵ ਨਹੀਂ ਹੈ
# (Accurate Prediction is not possible)

ਵਿਗਿਆਨਕ ਵਿਸ਼ਿਆਂ ਦੁਆਰਾ ਤੱਥਾਂ ਦੇ ਆਧਾਰ ਤੇ ਸਿਧਾਂਤ ਨਿਸ਼ਚਿਤ ਕੀਤੇ ਜਾਂਦੇ ਹਨ, ਪਰਖੇ ਜਾਂਦੇ ਹਨ, ਅਤੇ ਫਿਰ ਗਿਣਤੀਆਂ-ਮਿਣਤੀਆਂ ਕਰਕੇ ਭਵਿੱਖਬਾਣੀ ਕੀਤੀ ਜਾਂਦੀ ਹੈ। ਪ੍ਰੰਤੂ ਰਾਜਨੀਤੀ ਸ਼ਾਸਤਰ ਵਿੱਚ ਸਹੀ ਭਵਿੱਖਬਾਣੀ ਕਰਨੀ ਸੰਭਵ ਨਹੀਂ ਹੈ। ਉਦਾਹਰਣ ਲਈ ਚੋਣਾਂ ਤੋਂ ਪਹਿਲਾਂ ਕਈ ਏਜੰਸੀਆਂ ਦੁਆਰਾ ਚੋਣ ਸਰਵੇਖਣ ਕੀਤੇ ਜਾਂਦੇ ਹਨ, ਤੇ ਅਲੱਗ-ਅਲੱਗ ਰਾਜਨੀਤਿਕ ਦਲਾਂ ਨੂੰ ਮਿਲਣ ਵਾਲ਼ੀਆਂ ਸੀਟਾਂ ਦਾ ਅੰਦਾਜਾ ਲਗਾਇਆ ਜਾਂਦਾ ਹੈ। ਪ੍ਰੰਤੂ ਓਹਨਾਂ ਦੇ ਅੰਦਾਜੇ ਪੂਰੇ ਸਹੀ ਸਿੱਧ ਨਹੀਂ ਹੁੰਦੇ।

- A will be the winner
- Communist revolution will came first in industrialised states
- B party will form majority government

# 5). ਇਸਦਾ ਵਿਸ਼ਾ–ਵਸਤੂ ਬਹੁਤ ਗੁੰਝਲਦਾਰ ਹੈ
# (Its subject-matter is very complex)

ਰਾਜਨੀਤੀ ਸ਼ਾਸਤਰ ਦਾ ਵਿਸ਼ਾ–ਵਸਤੂ ਮਨੁੱਖੀ ਵਿਵਹਾਰ ਨਾ.ਲ ਸੰਬੰਧਿਤ ਹੈ। ਇਹ ਵਿਵਹਾਰ ਬਹੁਤ ਸਾਰੇ ਤੱਥਾਂ ਦੁਆਰਾ ਪ੍ਰਭਾਵਿਤ ਹੁੰਦਾ ਹੈ। ਕਈ ਵਾਰੀ ਇੱਕ ਵਿਅਕਤੀ ਦੇ ਵਿਵਹਾਰ ਤੇ ਇੱਕ ਤੱਥ ਦਾ ਪ੍ਰਭਾਵ ਜ਼ਿਆਦਾ ਹੁੰਦਾ ਹੈ, ਤੇ ਦੂਜੇ ਵਿਅਕਤੀ ਦੇ ਵਿਵਹਾਰ ਤੇ ਕਿਸੇ ਹੋਰ ਤੱਥ ਦਾ ਪ੍ਰਭਾਵ ਜ਼ਿਆਦਾ ਹੁੰਦਾ ਹੈ। ਤੱਥਾਂ ਦੀ ਭੂਮਿਕਾ ਸਮੇਂ–ਸਮੇਂ ਤੇ ਬਦਲਦੀ ਵੀ ਰਹਿੰਦੀ ਹੈ। ਇਸ ਤਰਾਂ ਰਾਜਨੀਤੀ ਸ਼ਾਸਤਰ ਦੀ ਸਮੱਗਰੀ ਬਹੁਤ ਹੀ ਗੁੰਝਲਦਾਰ ਤੇ ਪਰਿਵਰਤਨਸ਼ੀਲ ਹੈ, ਤੇ ਇਸੇ ਲਈ ਇਸ ਵਿਸ਼ੇ ਵਿੱਚ ‘ਕਾਰਨ ਅਤੇ ਪ੍ਰਭਾਵ’ ਦੇ ਸੰਬੰਧ ਦਾ ਅਧਿਐਨ ਬਹੁਤ ਹੀ ਗੁੰਝਲਦਾਰ ਬਣ ਜਾਂਦਾ ਹੈ।



# 6). ਪੂਰਨ ਨਿਰਪੱਖਤਾ ਕਾਇਮ ਰੱਖਣੀ ਸੰਭਵ ਨਹੀਂ ਹੈ
# (Maintenance of Complete Neutrality is not possible)

ਕੋਈ ਵੀ ਵਿਅਕਤੀ ਰਾਜਨੀਤਿਕ ਤੌਰ ਤੇ ਪੂਰਨ ਨਿਰਪੱਖਤਾ ਕਾਇਮ ਨਹੀਂ ਰੱਖ ਸਕਦਾ ਕਿਉਂਕਿ ਹਰ ਵਿਅਕਤੀ ਹੀ ਰਾਜਨੀਤਿਕ ਪ੍ਰਾਣੀ ਹੈ। ਰਾਜਨੀਤਿਕ ਪ੍ਰਣਾਲ਼ੀ ਦੀ ਕਾਰਜਸ਼ੀਲਤਾ ਨਾਲ਼ ਸਾਰੇ ਵਿਅਕਤੀਆਂ ਦੇ ਹਿੱਤ ਜੁੜੇ ਹੁੰਦੇ ਹਨ। ਹਰ ਵਿਅਕਤੀ ਦੀ ਵਿਚਾਰਧਾਰਾ ਵਿੱਚੋਂ ਉਸਦੀ ਸਮਾਜਿਕ ਅਤੇ ਆਰਥਿਕ ਸਥਿਤੀ ਝਲਕਦੀ ਹੈ। ਰਾਜਨੀਤੀ ਸ਼ਾਸਤਰ ਵਿੱਚ ਖੋਜ ਨੂੰ ਪੂਰਨ ਰੂਪ ਵਿੱਚ ਵਸਤੂਨਿਸ਼ਠ (Objective) ਰੱਖਣਾ ਲਗਭਗ ਅਸੰਭਵ ਹੁੰਦਾ ਹੈ।

## Obstacles to objectivity

- Hindu/Sikh/Christian
- Male/Female
- Indian/Pakistani/Nepali
- Poor/Rich/Middle Class
- Educated/Uneducated

# B

ਰਾਜਨੀਤੀ ਸ਼ਾਸਤਰ ਇੱਕ ਵਿਗਿਆਨ ਹੈ

**Political Science is a Science**

# 1). ਰਾਜਨੀਤੀ ਸ਼ਾਸਤਰ ਇੱਕ 'ਅਨਿਸ਼ਚਿਤ' ਵਿਗਿਆਨ ਹੈ
# (Political Science is an 'Inexact' Science)

ਵਿਗਿਆਨ ਦੋ ਤਰਾਂ ਦੇ ਹੋ ਸਕਦੇ ਹਨ- 'ਨਿਸ਼ਚਿਤ ਵਿਗਿਆਨ' ਜਿਹਨਾ ਵਿੱਚ ਪ੍ਰੀਖਣ ਕੀਤਾ ਜਾ ਸਕਦਾ ਹੈ, ਤੇ ਭਵਿੱਖਬਾਣੀ ਪੂਰੀ ਤਰਾਂ ਸਹੀ ਹੁੰਦੀ ਹੈ, ਜਿਵੇਂ ਭੌਤਿਕ ਵਿਗਿਆਨ ਦਾ ਗੁਰੂਤਾ ਆਕਰਸ਼ਣ ਦਾ ਸਿਧਾਂਤ ਤੇ ਨਿਊਟਨ ਦੇ ਗਤੀ ਸੰਬੰਧੀ ਨਿਯਮ ਆਦਿ। ਕੁੱਝ ਵਿਗਿਆਨ 'ਅਨਿਸ਼ਚਿਤ ਵਿਗਿਆਨ' ਹੁੰਦੇ ਹਨ ਜਿਵੇਂ ਕਿ ਮੌਸਮ ਵਿਗਿਆਨ। ਅਜਿਹੇ ਵਿਗਿਆਨ ਵਿੱਚ ਪ੍ਰਭਾਵ ਪਾਉਣ ਵਾਲ਼ੇ ਤੱਥਾਂ ਦੀ ਗਿਣਤੀ ਬਹੁਤ ਜ਼ਿਆਦਾ ਹੁੰਦੀ ਹੈ, ਤੇ ਉਹਨਾ ਦਾ ਸਰੂਪ ਵੀ ਗਤੀਸ਼ੀਲ ਹੁੰਦਾ ਹੈ। ਇਸ ਲਈ ਅਜਿਹੇ ਵਿਗਿਆਨਾਂ ਵਿੱਚ ਭਵਿੱਖਬਾਣੀ ਹਮੇਸ਼ਾਂ ਸਹੀ ਨਹੀਂ ਹੁੰਦੀ। ਲਾੱਰਡ ਬਰਾਈਸ (Lord Bryce) ਨੇ ਰਾਜਨੀਤੀ ਸ਼ਾਸਤਰ ਨੂੰ ਅਜਿਹੇ ਵਿਗਿਆਨਾਂ ਦੀ ਸ਼੍ਰੇਣੀ ਵਿੱਚ ਇੱਕ **'ਅਨਿਸ਼ਚਿਤ ਵਿਗਿਆਨ'** ਮੰਨਿਆਂ ਹੈ, ਜਿਸ ਵਿੱਚ ਵਿਵਹਾਰ ਤੇ ਪ੍ਰਭਾਵ ਪਾਉਣ ਵਾਲ਼ੇ ਤੱਥਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਤੇ ਉਹਨਾ ਦਾ ਸਰੂਪ ਗਤੀਸ਼ੀਲ ਹੈ। ਪ੍ਰੰਤੂ ਫਿਰ ਵੀ ਮਨੁੱਖੀ ਸੁਭਾਅ ਦੀਆਂ ਪ੍ਰਵਿਰਤੀਆਂ ਵਿੱਚ ਪਾਈਆਂ ਜਾਂਦੀਆਂ ਇੱਕਸਾਰਤਾਵਾਂ ਦੇ ਆਧਾਰ ਤੇ ਮਨੁੱਖੀ ਵਿਵਹਾਰ ਸੰਬੰਧੀ ਭਵਿੱਖਬਾਣੀ ਕੀਤੀ ਜਾ ਸਕਦੀ ਹੈ।

## 2). ਭਾਰੀ ਮਾਤਰਾ ਵਿੱਚ ਪ੍ਰਯੋਗਸਿੱਧ ਰਾਜਨੀਤਿਕ ਸਿਧਾਂਤਾਂ ਦੀ ਹੋਂਦ
## (**Availability of a large number of Empirical Political Theories**)

ਅਜਿਹੇ ਪ੍ਰਯੋਗਸਿੱਧ ਰਾਜਨੀਤਿਕ ਸਿਧਾਂਤ ਸਾਨੂੰ ਭਾਰੀ ਮਾਤਰਾ ਵਿੱਚ ਮਿਲਦੇ ਹਨ, ਜਿਹਨਾ ਦਾ ਆਧਾਰ ਰਾਜਨੀਤਿਕ ਜੀਵਨ ਦੇ ਵਾਸਤਵਿਕ ਤੱਥ ਹਨ। ਲੋਕਤੰਤਰੀ ਪ੍ਰਣਾਲ਼ੀ ਅਤੇ ਸ਼ਕਤੀਆਂ ਦੀ ਅਲਹਿਦਗੀ ਵਿਅਕਤੀ ਦੀ ਸੁਤੰਤਰਤਾ ਲਈ ਸਹਾਇਕ ਹੁੰਦੇ ਹਨ, ਨਿਆਂਪਾਲਿਕਾ ਨੂੰ ਰਾਜਨੀਤਿਕ ਪ੍ਰਭਾਵ ਤੋਂ ਸੁਤੰਤਰ ਰੱਖਿਆ ਜਾਣਾ ਚਾਹੀਦਾ ਹੈ, ਰਾਜ ਦਾ ਸਰੂਪ ਧਰਮ ਨਿਰਪੱਖ ਹੋਣਾ ਚਾਹੀਦਾ ਹੈ, ਆਦਿ ਅਜਿਹੇ ਸਿਧਾਂਤ ਹਨ ਜਿਹੜੇ ਮਨੁੱਖ ਦੇ ਰਾਜਨੀਤਿਕ ਜੀਵਨ ਦੇ ਇਤਿਹਾਸ ਵਿੱਚ ਅਨੇਕਾਂ ਵਾਰ ਪਰਖੇ ਜਾ ਚੁੱਕੇ ਹਨ। ਅਜਿਹੇ ਸਿਧਾਂਤਾਂ ਦੇ ਆਧਾਰ ਤੇ ਕੀਤੀ ਭਵਿੱਖਬਾਣੀ ਕਾਫ਼ੀ ਹੱਦ ਤੱਕ ਸਹੀ ਹੁੰਦੀ ਹੈ।

# 3). ਪ੍ਰਯੋਗ ਸੰਭਵ ਹਨ
# (Experiments are possible)

ਰਾਜਨੀਤੀ ਸ਼ਾਸਤਰ ਵਿੱਚ ਪ੍ਰਯੋਗ ਕਰਕੇ ਦੇਖੇ ਜਾ ਸਕਦੇ ਹਨ। ਪਰ ਅਜਿਹੇ ਪ੍ਰਯੋਗ ਰਸਾਇਣ ਵਿਗਿਆਨ ਵਾਂਗ ਬੰਦ ਲੈਬਾਰਟਰੀਆਂ ਵਿੱਚ ਨਹੀਂ ਕੀਤੇ ਜਾ ਸਕਦੇ। ਇਹ ਪ੍ਰਯੋਗ ਅਸਲੀ ਸਮਾਜ ਵਿੱਚ ਹੀ ਕੀਤੇ ਜਾ ਸਕਦੇ ਹਨ। ਸਰਕਾਰ ਦੁਆਰਾ ਜਦੋਂ ਕੋਈ ਨਵੀਂ ਨੀਤੀ ਅਪਣਾਈ ਜਾਂਦੀ ਹੈ, ਤਾਂ ਅਕਸਰ ਪਹਿਲਾਂ ਕੁੱਝ ਜਿਲ੍ਹਿਆਂ ਵਿੱਚ ਲਾਗੂ ਕੀਤੀ ਜਾਂਦੀ ਹੈ, ਜਿਸਨੂੰ ਪਾਇਲਟ ਪ੍ਰਾਜੈਕਟ ਕਿਹਾ ਜਾਂਦਾ ਹੈ। ਜੇਕਰ ਉਸ ਵਿੱਚ ਕੋਈ ਊਣਤਾਈ ਨਜ਼ਰ ਆਵੇ, ਤਾਂ ਉਸ ਨੂੰ ਦੂਰ ਕੀਤਾ ਜਾਂਦਾ ਹੈ, ਤੇ ਫਿਰ ਸਮੁੱਚੇ ਰਾਜ ਵਿੱਚ ਲਾਗੂ ਕੀਤੀ ਜਾਂਦੀ ਹੈ। ਇਹ ਰਾਜਨੀਤੀ ਸ਼ਾਸਤਰ ਦੇ ਪ੍ਰਯੋਗ ਹੀ ਹਨ।

# 4). ਭਵਿੱਖਬਾਣੀ ਸੰਭਵ ਹੈ
# (Prediction is possible)

ਰਾਜਨੀਤੀ ਸ਼ਾਸਤਰ ਵਿੱਚ ਭਵਿੱਖਬਾਣੀ ਵੀ ਸੰਭਵ ਹੈ, ਜਿਹੜੀ ਕਿ ਕਿਸੇ ਵਿਸ਼ੇ ਦੇ ਵਿਗਿਆਨਕ ਸਰੂਪ ਲਈ ਜਰੂਰੀ ਹੈ। ਜੇਕਰ ਸਾਰੇ ਤੱਥਾਂ ਦੀ ਸਹੀ ਜਾਣਕਾਰੀ ਹੋਵੇ ਅਤੇ ਉਹਨਾ ਦੇ ਪ੍ਰਭਾਵ ਦਾ ਪਤਾ ਲਗਾਇਆ ਜਾਵੇ ਤਾਂ ਭਵਿੱਖਬਾਣੀ ਕਾਫ਼ੀ ਹੱਦ ਤੱਕ ਠੀਕ ਹੁੰਦੀ ਹੈ। ਚੋਣ ਸਰਵੇਖਣਾ ਦੇ ਨਤੀਜੇ ਭਾਵੇਂ ਰਾਜਨੀਤਿਕ ਦਲਾਂ ਦੁਆਰਾ ਪ੍ਰਾਪਤ ਕੀਤੀਆਂ ਸੀਟਾਂ ਦੀ ਗਿਣਤੀ ਬਾਰੇ ਪੂਰੀ ਤਰਾਂ ਸੱਚ ਨਹੀਂ ਹੁੰਦੇ, ਪ੍ਰੰਤੂ ਕਾਫ਼ੀ ਹੱਦ ਤੱਕ ਇਹ ਜਰੂਰ ਦੱਸ ਦਿੰਦੇ ਹਨ ਕਿ ਚੋਣਾਂ ਤੋਂ ਬਾਅਦ ਕਿਸ ਦਲ ਦੀ ਸਰਕਾਰ ਬਣਨ ਜਾ ਰਹੀ ਹੈ।

## 5). ਕਾਰਨ–ਪ੍ਰਭਾਵ ਸੰਬੰਧਾਂ ਦੀ ਪਹਿਚਾਣ
## (Recognition of Cause-Effect relationships)

ਰਾਜਨੀਤੀ ਸ਼ਾਸਤਰ ਵਿੱਚ ਕਾਫ਼ੀ ਹੱਦ ਤੱਕ ਕਾਰਨ–ਪ੍ਰਭਾਵ ਸੰਬੰਧਾਂ ਦੀ ਪਹਿਚਾਣ ਕੀਤੀ ਜਾ ਸਕਦੀ ਹੈ। ਰਾਜਨੀਤੀ ਸ਼ਾਸਤਰ ਦੇ ਪਿਤਾਮਾ ਅਰਸਤੂ ਨੇ ਕ੍ਰਾਂਤੀ ਨੂੰ ਕਿਸੇ ਰਾਜਨੀਤਿਕ ਪ੍ਰਣਾਲ਼ੀ ਲਈ ਸਭ ਤੋਂ ਭੈੜੀ ਬਿਮਾਰੀ ਮੰਨਿਆਂ ਸੀ ਤੇ ਇਸ ਦੇ ਕਾਰਨਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਸੀ। ਇਸ ਲਈ ਉਸਨੇ ਆਪਣੇ ਸਮੇਂ ਦੇ 158 ਨਗਰ ਰਾਜਾਂ ਦੀਆਂ ਪ੍ਰਣਾਲ਼ੀਆਂ ਦਾ ਅਧਿਐਨ ਕੀਤਾ ਸੀ। ਅਰਸਤੂ ਦੁਆਰਾ ਕੱਢੇ ਗਏ ਨਤੀਜੇ ਅੱਜ ਤੱਕ ਵੀ ਸਾਰਥਕ ਹਨ। ਕਾਰਨ–ਪ੍ਰਭਾਵ ਸੰਬੰਧਾਂ ਦਾ ਅਧਿਐਨ ਕਰਕੇ ਹੀ ਕਾਨੂੰਨਾਂ ਦਾ ਨਿਰਮਾਣ ਕੀਤਾ ਜਾਂਦਾ ਹੈ, ਤੇ ਪੁਰਾਣੇ ਕਾਨੂੰਨਾਂ ਵਿੱਚ ਸੋਧ ਕੀਤੀ ਜਾਂਦੀ ਹੈ। ਇਸ ਤਰਾਂ ਰਾਜਨੀਤੀ ਸ਼ਾਸਤਰ ਵਿੱਚ ਕਾਰਨ–ਪ੍ਰਭਾਵ ਸੰਬੰਧਾਂ ਦੀ ਪਹਿਚਾਣ ਕਰਨੀ ਸੰਭਵ ਹੈ।

# ਸਿੱਟਾ
# (Conclusion)

ਰਾਜਨੀਤੀ ਸ਼ਾਸਤਰ ਦੇ ਵਿਗਿਆਨ ਹੋਣ ਦੇ ਪੱਖ ਤੇ ਵਿਪੱਖ ਵਿੱਚ ਦਲੀਲਾਂ ਪੜ੍ਹਨ ਤੋਂ ਬਾਅਦ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਇਹ ਵਿਸ਼ਾ ਭੌਤਿਕ ਵਿਗਿਆਨ ਅਤੇ ਰਸਾਇਣ ਵਿਗਿਆਨ ਵਰਗੇ ਕੁਦਰਤੀ ਵਿਗਿਆਨਾਂ ਵਾਂਗ ਇੱਕ ਨਿਸ਼ਚਿਤ ਵਿਗਿਆਨ ਨਹੀਂ ਹੈ, ਜਿਹਨਾ ਵਿੱਚ ਹਰ ਸਿਧਾਂਤ ਨੂੰ ਲੈਬਾਰਟਰੀ ਵਿੱਚ ਪ੍ਰੀਖਣ ਕਰਕੇ ਪਰਖਿਆ ਜਾ ਸਕਦਾ ਹੈ, ਤੇ ਭਵਿੱਖਬਾਣੀ ਪੂਰੀ ਤਰਾਂ ਸਹੀ ਹੁੰਦੀ ਹੈ। ਇਹ ਵਿਸ਼ਾ ਮੌਸਮ ਵਿਗਿਆਨ ਵਰਗੇ **'ਅਨਿਸ਼ਚਿਤ ਵਿਗਿਆਨਾਂ'** ਦੀ ਸ਼੍ਰੇਣੀ ਵਿੱਚ ਰੱਖਿਆ ਜਾ ਸਕਦਾ ਹੈ, ਜਿਹਨਾ ਵਿੱਚ ਪ੍ਰੀਖਣ ਕੀਤਾ ਤਾਂ ਜਾ ਸਕਦਾ ਹੈ, ਪ੍ਰੰਤੂ ਲੈਬਾਰਟਰੀ ਵਿੱਚ ਨਹੀਂ ਸਗੋਂ ਉਪਲਬਧ ਕੁਦਰਤੀ ਹਾਲਾਤ ਵਿੱਚ। ਇਸ ਵਿੱਚ ਭਵਿੱਖਬਾਣੀ ਤਾਂ ਕੀਤੀ ਜਾ ਸਕਦੀ ਹੈ, ਪ੍ਰੰਤੂ ਇਸ ਵਿੱਚ ਕਾਰਨ-ਪ੍ਰਭਾਵ ਸੰਬੰਧ ਬਹੁਤ ਗੁੰਝਲਦਾਰ ਹੋਣ ਕਰਕੇ ਇਹ ਭਵਿੱਖਬਾਣੀ ਹਮੇਸ਼ਾਂ ਕੁਦਰਤੀ ਵਿਗਿਆਨਾਂ ਜਿੰਨੀ ਸਹੀ ਨਹੀਂ ਹੁੰਦੀ। ਕਿਉਂਕਿ ਰਾਜਨੀਤੀ ਸ਼ਾਸਤਰ ਇੱਕ ਕੁਦਰਤੀ ਵਿਗਿਆਨ ਨਹੀਂ ਸਗੋਂ ਇੱਕ 'ਸਮਾਜਿਕ ਵਿਗਿਆਨ' ਹੈ।

Thanks

Joginder Singh Khatra
Dept. of Political Science
Akal Degree College Mastuana Sahib